੦੭੫

ਮਤਿ ਬੁੱਧ ਅਕਲ ਤੇ ਸਿਆਣਪ

(ਸੰਪਾਦਕ: ਅਨੰਤ ਪ੍ਰਵਾਹ ਟ੍ਰਸਟ ਯੂ.ਕੇ.)

ਮੱਤ

ਮੱਤ ਦਾ ਭਾਵ ਜ਼ਿਆਦਾਤਰ ਅਕਲ ਤੋਂ ਹੀ ਲਿਆ ਜਾਂਦਾ ਹੈ। ਮੱਤ ਨਾਲ ਸਭ ਕੁਝ ਸੋਚ ਸਮਝ ਕੇ ਕੀਤਾ ਤੇ ਸੰਵਾਰਿਆ ਜਾਂਦਾ ਹੈ। ਰਤਾ ਕੁ ਕਿਸੇ ਪਾਸੋਂ ਕੋਈ ਕੰਮ ਠੀਕ ਤਰ੍ਹਾਂ ਨਾਲ ਨਾ ਹੋਵੇ ਤਾਂ ਝੱਟ ਸਾਡੇ ਮੂੰਹੋਂ ਨਿਕਲਦਾ ਹੈ ਕਿ ਤੇਰੀ ਮੱਤ ਮਾਰੀ ਗਈ ਹੈ? ਤੈਨੂੰ ਪਤਾ ਨਹੀਂ ਲੱਗਦਾ ਤੂੰ ਕੀ ਕਰ ਰਿਹਾ ਹੈਂ?

ਮੱਤ ਦਾ ਅਕਲ ਵਾਲਾ ਭਾਵ ਠੀਕ ਹੈ। ਪਰ ਹੁੰਦਾ ਇਹ ਹੈ ਕਿ ਜਿਉਂ-ਜਿਉਂ ਸਮਾਂ ਬੀਤਦਾ ਹੈ, ਘਟਨਾਵਾਂ ਵਾਪਰਦੀਆਂ ਹਨ, ਮਨੁੱਖ ਆਪਣੇ ਨਫ਼ੇ ਨੁਕਸਾਨ ਨੂੰ ਸਮਝਦਾ ਹੈ ਅਤੇ ਤਜ਼ਰਬਾ ਪ੍ਰਾਪਤ ਕਰਦਾ ਹੈ ਤਾਂ ਉਸਨੂੰ ਪਤਾ ਲੱਗ ਜਾਂਦਾ ਹੈ ਕਿ ਕਿਹੜੇ ਕੰਮਾਂ ਦਾ ਫਾਇਦਾ ਹੈ ਤੇ ਕਿੰਨ੍ਹਾਂ ਦਾ ਨੁਕਸਾਨ। ਉਸਦੇ ਮੁਤਾਬਿਕ ਉਹ ਆਪਣੀਆਂ ਆਦਤਾਂ ਤੇ ਸੁਭਾਅ ਬਣਾ ਲੈਂਦਾ ਹੈ ਅਤੇ ਉਸਦੇ ਮੁਤਾਬਿਕ ਕਿਰਿਆ ਕਰਦਾ ਹੈ। ਇਹ ਸਾਰੀ ਪ੍ਰਕਿਰਿਆ ਉਸਦਾ ਇਕ ਵਿਸ਼ੇਸ਼ ਦ੍ਰਿਸ਼ਟੀਕੋਨ ਨਿਰਧਾਰਿਤ ਕਰ ਦਿੰਦੀ ਹੈ। ਇਕੋ ਹੀ ਵਸਤ ਤੇ ਘਟਨਾ ਨੂੰ ਇਕ ਮਨੁੱਖ ਇਸ ਤਰ੍ਹਾਂ ਦੇਖਦਾ ਹੈ ਤੇ ਦੂਜਾ ਦੂਜੀ ਤਰ੍ਹਾਂ ਨਾਲ। ਘਟਨਾ ਤੇ ਵਸਤ ਇੱਕ ਹੀ ਹੈ ਲੇਕਿਨ ਦ੍ਰਿਸ਼ਟੀਕੋਨ ਨੂੰ ਵੇਖਣ ਜਾਚਣ ਦੀ ਪ੍ਰਕਿਰਤੀ ਨੇ ਦ੍ਰਿਸ਼ਟੀਕੋਨ ਜਾਂ ਮੱਤ ਬਣਾਇਆ। ਮੱਤ ਅੱਗੋਂ ਦ੍ਰਿਸ਼ਟੀਕੋਨ ਨੂੰ ਪ੍ਰਪੱਕਤਾ ਦਿੰਦੀ ਚਲੀ ਜਾਂਦੀ ਹੈ। ਇਸ ਸਬੰਧੀ ਗੁਰਬਾਣੀ ਦਾ ਫੁਰਮਾਨ ਹੈ:

- ਮਤਿ ਪੂਰੀ ਅੰਮ੍ਰਿਤੁ ਜਾ ਕੀ ਦ੍ਰਿਸਟਿ॥ ਦਰਸਨੁ ਪੇਖਤ ਉਧਰਤ ਸ੍ਰਿਸਟਿ॥ (੨੯੩)

ਸੰਵਰੀ ਅਤੇ ਸੁਲਝੀ ਹੋਈ ਮੱਤ ਵਾਲੇ ਪੁਰਖ ਨਾਲ ਮਿਲ ਕੇ ਜਾਂ ਉਸਦੇ ਵਿਚਾਰਾਂ ਤੋਂ ਵਾਕਫ਼ ਹੋ ਕੇ, ਉਸਦੇ ਸੰਪਰਕ ਵਿੱਚ ਆਏ ਹੋਰ ਬੰਦੇ ਲਾਭ ਪ੍ਰਾਪਤ ਕਰ ਲੈਣਗੇ। ਇਹ ਠੀਕ ਹੈ ਕਿ ਅਸੀਂ ਆਪਣੇ ਅਤੇ ਆਪਣੇ ਆਲੇ-ਦਆਲੇ ਵਾਪਰੀਆਂ ਤਰ੍ਹਾਂ-ਤਰ੍ਹਾਂ ਦੀਆਂ ਘਟਨਾਵਾਂ ਤੋਂ ਮੱਤ ਪ੍ਰਾਪਤ ਕਰਦੇ ਹਾਂ ਤੇ ਆਪਣਾ ਮੱਤ ਨਿਰਧਾਰਤ ਕਰਦੇ ਹਾਂ। ਕੁਝ ਕੁ ਸਿਆਣੇ ਬੰਦੇ ਆਪਣੇ ਬਜ਼ੁਰਗਾਂ, ਉਸਤਾਦਾਂ, ਮਾਪਿਆਂ ਅਤੇ ਗੁਰੂਆਂ ਦੇ ਮੱਤ ਤੋਂ ਵੀ ਫ਼ੈਜ਼ਯਾਬ ਹੁੰਦੇ ਹਨ ਅਤੇ ਆਪਣੇ ਨਿੱਜ ਦੇ ਅਨੁਭਵਾਂ ਦੇ ਨਾਲ ਵੱਡਿਆਂ ਦੀ ਮੱਤ ਨੂੰ ਨਾਲ ਰਲਾ ਕੇ ਇੱਕ ਵਧੀਆ ਦ੍ਰਿਸ਼ਟੀਕੋਨ ਅਤੇ ਉੱਤਮ ਮੱਤ ਦੇ ਮਾਲਕ ਬਣ ਜਾਂਦੇ ਹਨ।

- ਗੁਰ ਕੀ ਮਤਿ ਤੂੰ ਲੇਹਿ ਇਆਨੇ॥ ਭਗਤਿ ਬਿਨਾ ਬਹੁ ਡੂਬੇ ਸਿਆਨੇ॥ (੨੮੮)

ਆਪਣੀ ਕਮਾਈ ਨਾਲ ਹਾਸਲ ਕੀਤੀ ਹੋਈ ਮੱਤ ਜ਼ਰੂਰੀ ਨਹੀਂ ਕਿ ਹਰ ਵੇਲੇ ਹਰ ਵਾਰੀ ਠੀਕ ਹੀ ਹੋਵੇ। ਜੇ ਕੋਈ ਮਨੁੱਖ ਗੁਰੂ ਦੀ ਕਮਾਈ ਹੋਈ ਅਜ਼ਮੂਦਾ ਮੱਤ ਹਾਸਲ ਕਰ ਲਏ ਤਾਂ ਉਹ ਮੱਤ ਸੁਮੱਤ ਅਤੇ ਸੁਦ੍ਰਿੜ੍ਹ ਬਣ ਜਾਂਦੀ ਹੈ। ਤਾਰੂ ਡੁੱਬਦੇ ਤੇ ਸਿਆਣੇ ਭੁੱਲਦੇ ਹਨ। ਉਸ ਸਿਆਣੇ ਦੇ ਡੁੱਬਣ ਤੇ ਭੁੱਲਣ ਦੀ ਅਸ਼ੰਕਾ ਘੱਟ ਜਾਂਦੀ ਹੈ ਜੋ ਗੁਰੂ ਦੀ ਮੱਤ ਨੂੰ ਗ੍ਰਹਿਣ ਕਰ ਲੈਂਦਾ ਹੈ। ਵਸ ਆਇਆ ਹੋਇਆ ਮਨ ਗੁਰੂ ਦੀ ਸੁਮੱਤ ਕਰਕੇ ਅਜਿਹੀ ਮੱਤ ਵਾਲਾ ਬਣ ਜਾਂਦਾ ਹੈ ਕਿ ਸੁਰਤ ਵਿੱਚ ਜਾਗਰਤੀ ਆ ਜਾਂਦੀ ਹੈ।

ਸਾਡੀ ਇਹੀ ਕੋਸ਼ਿਸ਼ ਹੋਣੀ ਚਾਹੀਦੀ ਹੈ ਅਤੇ ਵਾਹਿਗੁਰੂ ਅੱਗੇ ਇਹੀ ਮੰਗ ਕਰਨੀ ਚਾਹੀਦੀ ਹੈ ਕਿ ਸਾਡੀ ਮੱਤ ਇਹੋ ਜਿਹੀ ਬਣ ਜਾਏ ਜਿਸ ਨਾਲ ਅਸੀਂ ਅਕਾਲ ਪੁਰਖ ਨੂੰ ਅਗਾਧ ਸਕੀਏ ਅਤੇ ਸਾਡੇ ਅੰਦਰ ਨਿਮਰਤਾ ਦਾ ਪ੍ਰਵੇਸ਼ ਹੋਵੇ। ਇਸ ਤੋਂ ਬਿਨਾਂ ਹੋਰ ਸਾਰੀਆਂ ਪ੍ਰਾਪਤੀਆਂ ਐਵੇਂ ਹੀ ਹਨ। ਮੱਤ ਉਹੀ ਚੰਗੀ ਹੈ ਜੋ ਕਰਨੀ ਨੂੰ ਸ਼ੁਭ ਕਰੇ ਅਤੇ ਮੱਤ ਨੂੰ ਪੂਰਨ ਕਰੇ।

- ਜਹ ਕਰਣੀ ਤਹ ਪੂਰੀ ਮਤਿ॥ ਕਰਣੀ ਬਾਝਹੁ ਘਟੇ ਘਟਿ॥ (੨੫)

ਸਿਆਣਪ – ਚਤੁਰਾਈ

ਅਜਿਹਾ ਕਿਹੜਾ ਬੰਦਾ ਹੈ ਜੋ ਇਹ ਨਹੀਂ ਚਾਹੁੰਦਾ ਕਿ ਉਹ ਚਤੁਰ ਚਲਾਕ ਜਾਂ ਸਿਆਣਾ ਹੋਵੇ ਅਤੇ ਲੋਕ ਉਸਨੂੰ ਚੁਸਤ ਚਾਲਾਕ ਆਖਣ ਤੇ ਆਪਣੀ ਸਿਆਣਪ ਨਾਲ ਉਹ ਸਭਨਾਂ ਤੋਂ ਅੱਗੇ ਹੋ ਕੇ ਤੁਰੇ। ਜ਼ਿੰਦਗੀ ਦੇ ਹਰ ਪਹਿਲੂ ਵਿੱਚ ਸਿਆਣਪ ਤੇ ਚਤੁਰਾਈ ਦੀ ਲੋੜ ਪੈਂਦੀ ਹੈ। ਪੜ੍ਹਾਈ ਲਿਖਾਈ, ਕਾਰੀਗਰੀ, ਉਸਾਰੀ ਆਦਿ ਕੋਈ ਵੀ ਕਾਰਜ ਇਸ ਬਿਨਾਂ ਸਿੱਧ ਨਹੀਂ ਹੋ ਸਕਦਾ। ਇਸ ਦੇ ਬਿਲਕੁੱਲ ਉਲਟ ਗੁਰਮਤਿ ਦਾ ਇਹ ਵਿਚਾਰ ਹੈ ਕਿ ਚਤੁਰਾਈ ਅਤੇ ਸਿਆਣਪ ਕਿਧਰੇ ਕੰਮ ਹੀ ਨਹੀਂ ਆਉਣੀ। ਇਸ ਤੋਂ ਸਾਡੇ ਅੰਦਰ ਇਹ ਭਾਵ ਪੈਦਾ ਹੁੰਦਾ ਹੈ ਕਿ ਫਿਰ ਰੱਬ ਨੂੰ ਮੰਨਣ ਵਾਲੇ ਸਾਰੇ ਬੇਅਕਲ ਜਾਂ ਅਣਜਾਣ ਹੀ ਹਨ? ਦਰਅਸਲ ਮਨੁੱਖ ਜਦੋਂ ਆਪਣੀ ਚਾਤਰੀ ਤੇ ਚਲਾਕੀ ਨਾਲ ਕੁਝ ਪ੍ਰਾਪਤ ਕਰਦਾ ਹੈ ਤਾਂ ਉਹ ਆਪਣੇ ਆਪ ਨੂੰ ਵੱਡਾ ਅਤੇ ਕੰਮ ਦਾ ਬੰਦਾ ਸਮਝਣ ਲੱਗ ਪੈਂਦਾ ਹੈ। ਉਹ ਕਿਸੇ ਨੂੰ ਕੁਝ ਸਮਝਦਾ ਹੀ ਨਹੀਂ। ਆਪਣੇ ਸੰਪਰਕ ਵਿੱਚ ਆਉਣ ਵਾਲੇ ਸਾਰੇ ਹੀ ਉਸਨੂੰ ਕਮ ਅਕਲ ਤੇ ਘਟੀਆ ਲੱਗਣ ਲੱਗ ਪੈਂਦੇ ਹਨ। ਇਥੋਂ ਤੱਕ ਕਿ ਉਹ ਰੱਬ ਨੂੰ ਵੀ ਭੁੱਲ ਜਾਂਦਾ ਹੈ। ਇਹ ਹਉਮੈ ਵਿੱਚ ਹੋਣ ਦੀ ਅਵਸਥਾ ਹੈ। ਜਦੋਂ ਹਉਮੈ ਦਾਅ ਮਾਰਦੀ ਹੈ ਉਦੋਂ ਰੱਬ ਵਿਸਰ ਚੁੱਕਾ ਹੁੰਦਾ ਹੈ। ਇਸ ਲਈ ਗੁਰਮਤਿ ਦਾ ਹੁਕਮ ਹੈ ਕਿ ਚਾਤਰੀ ਚਲਾਕੀ ਤੇ ਸਿਆਣਪ ਫ਼ਜ਼ੂਲ ਹਨ।

– ਚਾਕਰੀਆ ਚੰਗਿਆਈਆ ਅਵਰ ਸਿਆਣਪ ਕਿਤੁ॥ ਨਾਨਕ ਨਾਮੁ ਸਮਾਲਿ ਤੂੰ ਬਧਾ ਛੁਟਹਿ ਜਿਤੁ॥ (੭੨੯)

ਅਕਲ ਨਾਲ ਹਾਸਲ ਕੀਤੇ ਰੁਤਬੇ, ਅਹੁਦੇ, ਨੌਕਰੀਆਂ ਤੇ ਖੱਟੀ ਹੋਈ ਵਾਹ ਵਾਹ ਬੰਧਨ ਬਣਕੇ ਹੀ ਰਹਿ ਜਾਏਗੀ। ਗੁਰੂ ਨਾਨਕ ਦੇਵ ਜੀ ਹੁਕਮ ਕਰਦੇ ਹਨ ਕਿ ਨਾਮ ਨੂੰ ਸਿਮਰਿਆ, ਸੰਮਾਲਿਆ ਤੇ ਚੇਤੇ ਰੱਖਿਆ ਜਾਏ ਤਾਂ ਇਸ ਨਾਲ ਹੀ ਬੰਧਨ ਕੱਟੇ ਜਾ ਸਕਦੇ ਹਨ। ਵਰਨਾ ਸਿਆਣਪ ਵੀ ਗਲ ਦੀ ਫਾਹੀ ਹੋ ਨਿਬੜੇਗੀ।

ਗੁਰਮਤਿ ਹਰ ਉਸ ਗੱਲ ਨੂੰ ਤ੍ਰਿਸਕਾਰਦੀ ਹੈ ਜਿਹੜੀ ਅਕਾਲ ਪੁਰਖ ਨੂੰ ਵਿਸਾਰੇ। ਕੋਈ ਬੰਦਾ ਬਹੁਤ ਖੂਬਸੂਰਤ ਹੋਣ ਕਾਰਨ ਵਾਹਿਗੁਰੂ ਨੂੰ ਵਿਸਾਰ ਦੇਵੇ ਤਾਂ ਉਹ ਖੂਬਸੂਰਤੀ ਬਦਸੂਰਤੀ ਨਾਲੋਂ ਵੀ ਨਖਿੱਧ ਹੈ। ਦਾਤੇ ਦਾ ਇਹੀ ਤਾਂ ਸੁਭਾਅ ਹੈ ਕਿ ਉਹ ਖ਼ੂਬਸੂਰਤੀ ਦਾ ਮੁਜੱਸਮਾ ਹੈ। ਹੁਸਨ ਦਾ ਸਰੋਤ ਆਪ ਅਤਿ ਸੋਹਣਾ ਤੇ ਹੁਸੀਨ ਹੈ। ਇਸਦੇ ਬਾਵਜੂਦ ਉਸਦੀ ਸਾਰਿਆਂ ਵੱਲ ਨਿਗ੍ਹਾ ਹੈ। ਜਾਪੁ ਸਾਹਿਬ ਵਿੱਚ ਆਉਂਦਾ ਹੈ **"ਕਿ ਹੁਸਨੁਲ ਵਜੂ ਹੈਂ ਤਮਾਮੁਲ ਰੁਜੂ ਹੈਂ"**। ਅਕਲ, ਸਿਆਣਪ, ਚੰਗਿਆਈ, ਰੁਤਬਾ ਜਾਂ ਵਿਸ਼ੇਸ਼ ਅਸਥਾਨ ਪ੍ਰਾਪਤ ਹੋਣ ਦੇ ਬਾਵਜੂਦ ਜੇ ਵਾਹਿਗੁਰੂ ਭੁੱਲ ਜਾਏ ਤਾਂ ਉਹ ਸਭ ਸੁਆਹ ਹੈ, ਖੇਹ ਹੈ।

– ਚਤੁਰਾਈ ਸਿਆਣਪਾ ਕਿਤੈ ਕਾਮਿ ਨ ਆਈਐ॥ ਤੁਠਾ ਸਾਹਿਬੁ ਜੋ ਦੇਵੈ ਸੋਈ ਸੁਖੁ ਪਾਈਐ॥ (੩੯੬)

ਦਾਤਾਂ ਉਦੋਂ ਹੀ ਸੁਖਦਾਈ ਹੋਣਗੀਆਂ ਜਦੋਂ ਦਾਤਾਰ ਚੇਤੇ ਰਹੇਗਾ। ਪਾਤਿਸ਼ਾਹ ਤਾਂ ਮਨੁੱਖ ਨੂੰ ਚਿੰਤਾ ਤੋਂ ਵੀ ਤੋੜਦੇ ਹਨ। ਜੇ ਅਸੀਂ ਰਜ਼ਾ ਵਿੱਚ ਨਹੀਂ ਤਾਂ ਹੀ ਅਸੀਂ ਚਿੰਤਾ ਕਰ ਰਹੇ ਹਾਂ, ਦੁੱਖ ਪਾ ਰਹੇ ਹਾਂ। ਹੁਕਮ ਹੈ **"ਚਿੰਤਾ ਜਾਇ ਮਿਟੈ ਅਹੰਕਾਰੁ"**। ਅਹੰਕਾਰ ਦਾ ਇਹ ਨਕਾਰਾਤਮਕ ਕਾਰਨ ਹੈ ਕਿ ਵਸਤ ਪ੍ਰਾਪਤ ਨਹੀਂ ਹੋਈ ਤੇ ਜੇ ਇਹ ਮੰਨੀਏ ਕਿ ਵਸਤ ਸਾਡੀ ਚਤੁਰਾਈ ਤੇ ਸਿਆਣਪ ਨਾਲ ਪ੍ਰਾਪਤ ਹੋਈ ਹੈ ਤਾਂ ਇਹ ਸਿੱਧਾ ਅਹੰਕਾਰ ਹੈ। ਪ੍ਰਤਿਕਰਮ ਦੋਹਾਂ ਦਾ ਇਕੋ ਹੀ ਹੈ ਕਿ ਵਾਹਿਗੁਰੂ ਵਿਸਰਿਆ ਹੋਇਆ ਹੈ।

ਗੁਰਮਤਿ ਦਾ ਸਿਆਣਪ ਸਬੰਧੀ ਆਪਣਾ ਵਿਲੱਖਣ ਕਿਸਮ ਦਾ ਮਾਪਦੰਡ ਹੈ। ਗੁਰਮਤਿ ਵਧ ਚੜ੍ਹ ਕੇ ਫੜਾਂ ਮਾਰਨ ਅਤੇ ਨਿਕੰਮੀ ਤੋੜ ਫੋੜ ਨੂੰ ਸਿਆਣਪ ਨਹੀਂ ਮੰਨਦੀ। ਜਿਹੜੇ ਬਾਹਰੋਂ ਹੋਰ ਤੇ ਅੰਦਰੋਂ ਹੋਰ ਹਨ ਉਹ ਤਾਂ ਦਗਾਬਾਜ਼ ਤੇ ਕੱਚੇ ਹਨ, ਵਿਸ਼ਵਾਸ ਯੋਗ ਨਹੀਂ। ਸਤਿਗੁਰਾਂ ਅਨੁਸਾਰ ਸਿਆਣੇ ਉਹੀ ਹਨ ਜਿਨ੍ਹਾਂ ਨੂੰ ਅੰਦਰੋਂ ਪਿਆਰ ਕਰਨ ਦੀ ਜਾਚ ਆਉਂਦੀ ਹੈ।

– ਜਿਨ ਅੰਤਰਿ ਹਰਿ ਹਰਿ ਪ੍ਰੀਤਿ ਹੈ ਤੇ ਜਨ ਸੁਘੜ ਸਿਆਣੇ ਰਾਮ ਰਾਜੇ॥
ਜੇ ਬਾਹਰਹੁ ਭੁਲਿ ਚੁਕਿ ਬੋਲਦੇ ਭੀ ਖਰੇ ਹਰਿ ਭਾਣੇ॥
ਹਰਿ ਸੰਤਾ ਨੋ ਹੋਰੁ ਥਾਉ ਨਾਹੀ ਹਰਿ ਮਾਨੁ ਨਿਮਾਣੇ॥
ਜਨ ਨਾਨਕ ਨਾਮੁ ਦੀਬਾਨੁ ਹੈ ਹਰਿ ਤਾਨੁ ਸਤਾਣੇ॥ (੪੫੦)

ਇਹੋ ਜਿਹੇ ਸਿਆਣੇ, ਉੱਤਮ ਬਿਰਤੀ ਵਾਲੇ, ਸੁਥਰੀ ਜੀਵਨ ਵਿਧੀ ਵਾਲੇ ਪੁਰਖ ਜੇ ਕਦੀ ਕਿਧਰੇ ਜਾਣੇ ਅਣਜਾਣੇ ਵਿੱਚ ਕੋਈ ਅਜਿਹੀ ਗੱਲ ਆਖ ਵੀ ਦੇਣ ਜਿਹੜੀ ਦੂਜਿਆਂ ਨੂੰ ਅਣਸੁਖਾਵੀਂ ਲੱਗੇ ਤਾਂ ਵਾਹਿਗੁਰੂ ਉਨ੍ਹਾਂ ਦੀ ਇਸ ਭੁੱਲ ਨੂੰ ਚਿਤਾਰਦਾ ਨਹੀਂ। ਅਜਿਹੇ ਪ੍ਰਭੂ ਦੇ ਉਪਾਸ਼ਕ ਸੰਤਾਂ ਨੂੰ ਹੋਰ ਕੋਈ ਥਾਂ ਨਹੀਂ ਹੁੰਦੀ ਜਿਸ ਉਪਰ ਉਹ ਮਾਣ ਕਰਨ। ਉਹ ਨਿਮਰਤਾ ਵਿੱਚ ਰਹਿੰਦੇ ਹੋਏ ਸਦੀਵੀ ਤੌਰ 'ਤੇ ਅਕਾਲ ਪੁਰਖ ਦੀ ਹਜ਼ੂਰੀ ਵਿੱਚ ਰਹਿੰਦੇ ਹੋਏ ਦ੍ਰਿੜ੍ਹਤਾ ਵਾਲੇ ਸ਼ਕਤੀਸ਼ਾਲੀ ਪੁਰਖ ਹੁੰਦੇ ਹਨ। ਇਨ੍ਹਾਂ ਨੂੰ ਹੀ ਗੁਰਬਾਣੀ ਨੇ ਸਿਆਣੇ ਮੰਨਿਆ ਹੈ। ਅਸੀਂ ਵੇਖਦੇ ਹਾਂ ਕਿ ਕਿਸੇ ਰੁਤਬੇ ਜਾਂ ਸ਼ਕਤੀ ਮਿਲਣ ਨਾਲ ਬੰਦਾ ਮਨਮਾਨੀਆਂ ਕਰਨ ਲੱਗ ਜਾਂਦਾ ਹੈ ਜਿਸ ਕਾਰਨ ਉਸਦੀ ਹੱਠਧਰਮੀ ਤੇ ਜ਼ਿੱਦ ਉਸਦੇ ਰਸਤੇ ਦਾ ਰੋੜਾ ਬਣ ਜਾਂਦੀ ਹੈ। ਇਹ ਸਿਆਣਪ ਜੀਉਂਦੇ ਜੀਅ ਇਸੇ ਜੱਗ ਵਿੱਚ ਉਨ੍ਹਾਂ ਲਈ ਜਮ ਦਾ ਰੂਪ ਧਾਰ ਲੈਂਦੀ ਹੈ।

– ਜਿਤੁ ਜਿਤੁ ਲਾਵਹੁ ਤਿਤੁ ਤਿਤੁ ਲਗਹਿ ਸਿਆਨਪ ਸਭ ਜਾਲੀ॥
ਜਤ ਕਤ ਤੁਮ੍ ਭਰਪੂਰ ਹਹੁ ਮੇਰੇ ਦੀਨ ਦਇਆਲੀ॥
ਸਭੁ ਕਿਛੁ ਤੁਮ ਤੇ ਮਾਗਨਾ ਵਡਭਾਗੀ ਪਾਏ॥
ਨਾਨਕ ਕੀ ਅਰਦਾਸਿ ਪ੍ਰਭ ਜੀਵਾ ਗੁਨ ਗਾਏ॥ (੯੧੧)

ਸ੍ਰੀ ਗੁਰੂ ਅਰਜਨ ਦੇਵ ਜੀ ਪਥ ਪ੍ਰਦਰਸ਼ਨ ਕਰਦੇ ਹਨ ਕਿ ਮੇਰੇ ਪਾਸ ਇਤਨੀ ਸਿਆਣਪ ਨਹੀਂ, ਮੇਰੇ ਕੀਤੇ ਉਪਰਾਲੇ ਤੇ ਕੰਮ ਜਮ ਬਣਕੇ ਸਾਹਮਣੇ ਆਉਣਗੇ। ਹੇ ਵਾਹਿਗੁਰੂ! ਤੁਹਾਡੇ ਆਸਰੇ ਨਾਲ ਤੇ ਤੁਹਾਡੇ ਪ੍ਰਤਾਪ ਨਾਲ ਸਾਰੇ ਜਮਦੂਤ ਨੱਸ ਭੱਜ ਗਏ ਹਨ। ਦਾਤਾ! ਤੂੰ ਹਰ ਥਾਂ ਤੇ ਭਰਪੂਰ ਹੈਂ, ਤੂੰ ਦੀਨ ਦਿਆਲ ਹੈਂ, ਤੁਸੀਂ ਮੈਨੂੰ ਜਿਧਰ ਲਾਉ ਮੈਂ ਉਧਰ ਹੀ ਲੱਗ ਜਾਵਾਂ, ਆਪਣੀ ਸਿਆਣਪ ਤਾਂ ਮੈਂ ਸਾੜ ਕੇ ਰੱਖ ਦਿੱਤੀ ਹੈ। ਮੇਰੀ ਤਾਂ ਇਹ ਅਰਦਾਸ ਹੈ ਕਿ ਮੈਂ ਸਦਾ ਤੇਰੇ ਗੁਣ ਗਾਉਂਦਾ ਰਹਾਂ। ਗੁਣ ਗਾਉਣ ਅਤੇ ਵਾਹਿਗੁਰੂ ਦੀ ਨਿਕਟਤਾ ਪ੍ਰਾਪਤ ਹੋਣ ਮਗਰੋਂ ਰਿਧੀਆਂ ਸਿਧੀਆਂ ਆਦਿ ਦੀ ਲੋੜ ਵੀ ਨਹੀਂ ਰਹਿੰਦੀ। ਫਿਰ ਉਥੇ ਸਿਆਣਪ ਕੀ ਕਰੇਗੀ। ਇਸੇ ਹੀ ਭਾਵਨਾ ਨੂੰ ਪਾਤਿਸ਼ਾਹ **"ਬਹੁਤੁ ਸਿਆਣਪ ਜਮ ਕਾ ਭਉ ਬਿਆਪੈ"** ਕਹਿ ਕੇ ਸਾਡੇ ਤੇ ਮਿਹਰ ਕਰਦੇ ਹਨ।

ਪਾਤਿਸ਼ਾਹ ਹਰ ਉਸ ਵਸਤੂ ਨੂੰ ਸਾੜ ਕੇ ਸੁਆਹ ਕਰਨ ਦਾ ਆਦੇਸ਼ ਦਿੰਦੇ ਹਨ ਜਿਹੜੀ ਵਾਹਿਗੁਰੂ ਦੇ ਮਿਲਾਪ ਵਿੱਚ ਰੁਕਾਵਟ ਹੋਵੇ। ਭਾਵੇਂ ਉਹ ਵਸਤੂ ਖ਼ੁਦ ਪ੍ਰੀਤ ਜਾਂ ਮੁਹੱਬਤ ਹੀ ਕਿਉਂ ਨਾ ਹੋਵੇ ਜਾਂ ਕੋਈ ਰੀਤ ਹੋਵੇ।

– ਜਾਲਉ ਐਸੀ ਰੀਤਿ ਜਿਤੁ ਮੈ ਪਿਆਰਾ ਵੀਸਰੈ॥
ਨਾਨਕ ਸਾਈ ਭਲੀ ਪਰੀਤਿ ਜਿਤੁ ਸਾਹਿਬ ਸੇਤੀ ਪਤਿ ਰਹੈ॥ (੫੯੦)

ਇਸ ਆਦੇਸ਼ ਅਨੁਸਾਰ ਗੁਰਦੇਵ ਇਹ ਸੁਮੱਤ ਦੇ ਰਹੇ ਹਨ ਕਿ ਉਨ੍ਹਾਂ ਸਾਰੀਆਂ ਵਸਤਾਂ ਨੂੰ ਪਰ੍ਹੇ ਕਰ ਦੇਣਾ ਚਾਹੀਦਾ ਹੈ ਜੋ ਪਿਆਰੇ ਦੇ ਮਿਲਾਪ ਨੂੰ ਰੋਕਦੀਆਂ ਹਨ। ਪਾਤਿਸ਼ਾਹ ਦਾ ਐਸਾ ਕਥਨ ਹੈ ਕਿ ਪ੍ਰਾਪਤੀਆਂ ਵੀ ਹੋਣ, ਰੁਤਬਾ ਅਹੁਦਾ ਤੇ ਇੱਜ਼ਤ-ਮਾਣ ਵੀ ਹੋਵੇ ਪਰ ਹਿਰਦੇ ਅੰਦਰ ਵਾਹਿਗੁਰੂ ਦਾ ਸਤਿਕਾਰ ਕਦੇ ਵੀ ਨਾ ਘਟੇ, ਸਦਾ ਇਕਸਾਰਤਾ ਬਣੀ ਰਹੇ।

ਪਾਤਿਸ਼ਾਹ ਦਾ ਕਥਨ ਹੈ ਕਿ ਬਹੁਤੀ ਸਿਆਣਪ ਇਕ ਬੋਝ ਹੈ ਅਤੇ ਭਾਰ ਢੋਣ ਦੀ ਨਿਆਈਂ ਹੈ। ਇਸ ਭਾਰ ਕਾਰਨ ਵਾਹਿਗੁਰੂ ਦਾ ਰੂਪ ਸੁਹਾਵਣਾ ਤੇ ਲੁਭਾਵਣਾ ਨਾ ਲੱਗਕੇ ਧਾਣਕ ਭਾਵ ਡਰਾਉਣਾ ਲੱਗਣ ਲੱਗ ਪੈਂਦਾ ਹੈ।

– ਖਰਾ ਸਿਆਣਾ ਬਹੁਤਾ ਭਾਰੁ॥ ਧਾਣਕ ਰੂਪਿ ਰਹਾ ਕਰਤਾਰ॥ (੨੪)

ਹਉਮੈ ਵੀ ਇੱਕ ਬੋਝ ਵਾਂਗ ਹੀ ਹੈ। ਘਰ ਤੇ ਸੰਸਾਰ ਦੇ ਪੁਆੜੇ ਮਾਇਆ ਰੂਪ ਹੋ ਕੇ ਵਾਹਿਗੁਰੂ ਨੂੰ ਵਿਸਾਰ ਦਿੰਦੇ ਹਨ। ਕਿਉਂਕਿ ਮਨੁੱਖੀ ਮਨ ਵਿੱਚ ਇਹ ਭਾਵਨਾ ਬੜੀ ਤੀਬਰ ਹੈ ਕਿ ਮੈਂ ਬੜਾ ਸਿਆਣਾ ਚਤੁਰ ਚਲਾਕ ਤੇ ਸਮਝਦਾਰ ਹਾਂ, ਇਹ ਭਾਵਨਾ ਹਉਮੈ ਬਣ ਕੇ ਇੱਕ ਭਾਰ ਬਣ ਜਾਂਦੀ ਹੈ।

– ਆਲ ਜਾਲ ਮਾਇਆ ਜੰਜਾਲ॥ ਹਉਮੈ ਮੋਹ ਭਰਮ ਭੈ ਭਾਰ॥ (੨੯੨)

ਜਦੋਂ ਅਸੀਂ ਕਿਸੇ ਤੋਂ ਕੋਈ ਕੰਮ ਕਰਵਾਉਣਾ ਹੋਵੇ ਜਾਂ ਆਪਣੀ ਗੱਲ ਸਮਝਾਉਣੀ ਹੋਵੇ ਤਾਂ ਗੱਲ ਕਹਿ ਕੇ ਅਸੀਂ ਇਹੀ ਆਖਦੇ ਹਾਂ ਕਿ ਮੈਂ ਜੋ ਕਹਿਣਾ ਸੀ ਕਹਿ ਦਿੱਤਾ, ਅੱਗੋਂ ਤੂੰ ਆਪ ਸਿਆਣਾ ਹੈਂ। ਇਹ ਭਾਵਨਾ ਜਦੋਂ ਅੰਦਰੋਂ ਪ੍ਰਬਲ ਹੋ ਕੇ ਜਾਗਦੀ ਹੈ ਤਾਂ ਹਉਮੈ ਤੇ ਹੰਕਾਰ ਦਾ ਰੂਪ ਧਾਰਨ ਕਰ ਲੈਂਦੀ ਹੈ। ਗੁਰੂ ਦੇ ਹੁਕਮ ਅਨੁਸਾਰ ਸਾਨੂੰ ਪਏ ਹੋਏ ਭਰਮ ਵੀ ਭਾਰ ਹੀ ਹਨ ਪਰ ਰੰਗ ਰਤਿਆਂ ਨੂੰ ਭਾਰ ਦਾ ਭਰਮ ਨਹੀਂ ਹੁੰਦਾ। ਇਕ ਹੁਕਮ ਅਨੁਸਾਰ, **"ਰਾਮ ਨਾਮ ਰੰਗਿ ਰਤਿਆ ਭਾਰੁ ਨ ਭਰਮੁ ਤਿਨਾਹ"** ਭਾਵ ਵਿਸ਼ਵਾਸ ਵਾਲੇ ਭਰਮੀ ਨਹੀਂ ਹੁੰਦੇ ਸਗੋਂ ਭਾਰ ਮੁਕਤ ਹੁੰਦੇ ਹਨ। ਸਪੱਸ਼ਟ ਹੋਇਆ ਕਿ ਭਰਮ, ਹਉਮੈ ਤੇ ਸਿਆਣਪ ਮਨੁੱਖ ਦੇ ਬਿਬੇਕ ਉਤੇ ਬੋਝ ਹੈ। ਇਹੋ ਜਿਹੀ ਸਿਆਣਪ ਗੁਰਮਤਿ ਨੂੰ ਪ੍ਰਵਾਨ ਨਹੀਂ।

ਭਾਈ ਗੁਰਦਾਸ ਜੀ ਅਨੁਸਾਰ ਗੁਰਸਿੱਖ ਅੰਦਰੋਂ ਸਿਆਣਾ ਤੇ ਬਾਹਰੋਂ ਭੋਲਾ ਹੁੰਦਾ ਹੈ। ਉਹ ਸਿਆਣਪ ਨੂੰ ਵੀ ਉਸੇ ਤਰ੍ਹਾਂ ਦਾਤੇ ਦੀ ਦਾਤ ਹੀ ਸਮਝਦਾ ਹੈ ਜਿਸ ਤਰ੍ਹਾਂ ਕੋਈ ਸੁਆਣੀ ਆਪਣੇ ਪਿਆਰੇ ਦੀ ਦਿੱਤੀ ਨਿਸ਼ਾਨੀ ਕੋਈ ਛਾਪ ਛੱਲਾ ਆਦਿ ਪਿਆਰ ਤੇ ਸਤਿਕਾਰ ਨਾਲ ਸੰਭਾਲ ਕੇ ਆਪਣੇ ਪਾਸ ਰੱਖਦੀ ਹੈ ਤੇ ਜਦੋਂ ਲੋੜ ਤੇ ਮੌਕਾ ਹੋਵੇ ਉਨ੍ਹਾਂ ਨੂੰ ਵਰਤ ਲੈਂਦੀ ਹੈ। ਗੁਰਸਿੱਖ ਸੁਹਾਗਣ ਰੂਹ ਵੀ ਇਸੇ ਤਰ੍ਹਾਂ ਕਰਦੀ ਹੈ। ਸਿਆਣਪ ਉਸਦੀ ਬਖਸ਼ਿਸ਼ ਹੈ, ਜਦੋਂ ਲੋੜ ਪਵੇ ਉਹ ਮੈਦਾਨ ਵਿੱਚ ਪੂਰੀ ਤੇ ਖਰੀ ਹੀ ਨਿਤਰਦੀ ਹੈ।

ਬੁੱਧ

ਬੁੱਧ ਜਾਂ ਬੁੱਧੀ ਹਮੇਸ਼ਾਂ ਵਿਉਂਤਾਂ ਘੜਦੀ, ਉਪਾਅ ਸੁਝਾਉਂਦੀ ਜਾਂ ਨਵੇਂ ਰਾਹ ਬਣਾਉਂਦੀ ਹੈ। ਇਸ ਦੀਆਂ ਪ੍ਰਾਪਤੀਆਂ ਬਹੁਤ ਹਨ ਪਰ ਗੁਰਮਤਿ ਨੇ ਇਸ ਨੂੰ ਬਹੁਤੀ ਪ੍ਰਧਾਨਤਾ ਨਹੀਂ ਦਿੱਤੀ। ਬੁੱਧੀ ਬੇਸ਼ੱਕ ਵਿਚਕਾਰਲੇ ਨਿੱਕੇ ਰਸਤੇ ਵੀ ਦੱਸਦੀ ਹੈ, ਰਾਹ ਸੁਖਾਲੇ ਕਰਦੀ ਵੀ ਜਾਪਦੀ ਹੈ ਪਰ ਆਤਮਿਕ ਮਾਰਗ ਨੂੰ ਸੰਵਾਰਨ ਵਿਚ ਇਹ ਘੱਟ ਹੀ ਸਹਾਈ ਹੁੰਦੀ ਹੈ।

ਬੁੱਧੀ ਤੀਖਣ ਅਤੇ ਬਾਰੀਕ ਹੋ ਕੇ ਬਹੁਤ ਕੁਝ ਸਿਰਜ ਲੈਂਦੀ ਹੈ। ਗੱਲ ਤਾਂ ਉਦੋਂ ਬਣਦੀ ਹੈ ਜਦੋਂ ਬੁੱਧ ਪ੍ਰਕਾਸ਼ ਹੋਵੇ। ਗੁਰੂ ਗੋਬਿੰਦ ਸਿੰਘ ਜੀ ਨੇ ਬੁੱਧ ਨੂੰ ਦੀਪਕ ਦੇ ਪ੍ਰਤੀਕ ਨਾਲ ਬਿਆਨ ਕੀਤਾ ਹੈ। ਦੀਪਕ ਦਾ ਸੁਭਾਅ ਹੈ ਹਨੇਰਾ ਦੂਰ ਕਰਨਾ। ਦੇਖਣਾ ਤਾਂ ਇਹ ਹੈ ਕਿ ਹਨੇਰਾ ਦੂਰ ਹੋਣ ਤੇ ਚਾਨਣ ਹੋਣ ਮਗਰੋਂ ਉਸ ਵਿਚ ਕੀਤਾ ਕੀ ਜਾ ਰਿਹਾ ਹੈ। ਬੱਸ ਇਥੇ ਹੀ ਬੁੱਧੀ ਪਛੜ ਜਾਂਦੀ ਹੈ। ਘਰ ਜਾਂ ਘਰ ਦੇ ਕਿਸੇ ਕਮਰੇ ਵਿੱਚ ਦੀਪਕ ਜਗਣ ਤੇ ਪ੍ਰਕਾਸ਼ ਹੋਣ ਮਗਰੋਂ ਉਸਦੇ ਅੰਦਰ ਤਾਸ਼ ਖੇਡੀ ਜਾ ਰਹੀ ਹੈ, ਜੂਆ ਖੇਡਿਆ ਜਾ ਰਿਹਾ ਹੈ, ਕੋਈ ਹੋਰ ਬੇਲੋੜਾ ਕੁਕਰਮ ਕੀਤਾ ਜਾ ਰਿਹਾ ਹੈ, ਜਾਂ ਫਿਰ ਉਸ ਪ੍ਰਕਾਸ਼ ਅੰਦਰ ਕੁਝ ਸੁਚੱਜਾ ਲਿਖਿਆ ਪੜ੍ਹਿਆ ਸਿੱਖਿਆ ਜਾਂ ਸਿਖਾਇਆ ਜਾ ਰਿਹਾ ਹੈ। ਇਹ ਪ੍ਰਕਾਸ਼ ਹੋਣ ਤੋਂ ਬਾਅਦ ਦੀ ਬਿਰਥਾ ਹੈ। ਗੱਲ ਉਦੋਂ ਹੀ ਬਣੇਗੀ ਜਦੋਂ ਬੁੱਧੀ ਦੁਆਰਾ ਕੀਤਾ ਗਿਆ ਪ੍ਰਕਾਸ਼ ਗੁਰੂ ਪ੍ਰਕਾਸ਼ ਤੋਂ ਪ੍ਰੇਰਿਤ ਹੋ ਕੇ ਅੰਦਰ ਦੀ ਕਾਤਰਤਾ ਨੂੰ ਬੁਹਾਰ ਕੇ ਬਾਹਰ ਕੱਢਣ ਦੇ ਸਮਰਥ ਹੋਵੇਗਾ।

– ਧੀਰਜ ਧਾਮ ਬਨਾਇ ਇਹੈ ਤਨ ਬੁਧਿ ਸੁ ਦੀਪਕੁ ਜਿਉਂ ਉਜੀਆਰੈ॥
ਗਿਆਨਹਿ ਕੀ ਬਢਨੀ ਮਨਹੁ ਹਾਥ ਲੈ ਕਾਤਰਤਾ ਕੁਤਵਾਰ ਬੁਹਾਰੈ॥ (ਕ੍ਰਿਸ਼ਨਾਵਤਾਰ ਪ:੧੦)

ਜਦੋਂ ਬੁੱਧੀ ਇਸ ਤਰ੍ਹਾਂ ਦਾ ਕਾਰਜ ਕਰੇਗੀ ਤਾਂ ਹੀ ਇਹ ਤਨ ਧੀਰਜ ਧਾਮ ਬਣਾ ਕੇ ਸਫ਼ਲ ਹੋਵੇਗਾ। ਅੰਦਰ ਵਸਦੇ ਚੋਰ ਤੇ ਤਸਕਰ ਨਿਰਬਲ ਹੋ ਜਾਣਗੇ। ਫਿਰ ਮੁੱਖ ਵਿੱਚੋਂ ਹਰੀ, ਹਰਿ, ਹਰੀ ਹਰਿ ਉਚਾਰਿਆ ਜਾ ਸਕੇਗਾ।

ਵੇਦਾਂ ਤੇ ਸ਼ਾਸਤਰਾਂ ਨੇ ਵੀ ਬੁੱਧੀ ਬਲ ਤੇ ਬੜਾ ਜ਼ੋਰ ਦਿੱਤਾ ਹੈ ਤੇ ਆਖਦੇ ਹਨ ਕਿ ਬੁੱਧੀ ਬਲ ਨਾਲ ਰੱਬ ਦੀ ਪ੍ਰਾਪਤੀ ਹੋ ਸਕਦੀ ਹੈ। ਗੁਰਮਤਿ ਨੇ ਇਸਨੂੰ ਬਿਲਕੁੱਲ ਨਹੀਂ ਮੰਨਿਆ ਤੇ ਫੁਰਮਾਨ ਕੀਤਾ ਹੈ ਕਿ ਵਾਹਿਗੁਰੂ ਦੀ ਪ੍ਰਾਪਤੀ ਬੁੱਧੀ ਨਾਲ ਨਹੀਂ ਬਲਕਿ ਵਾਹਿਗੁਰੂ ਦੀ ਕ੍ਰਿਪਾ ਨਾਲ ਹੀ ਹੋ ਸਕਦੀ ਹੈ।

– ਤੂ ਮੇਰੀ ਓਟ ਬਲ ਬੁਧਿ ਧਨੁ ਤੁਮ ਹੀ ਤੁਮਹਿ ਮੇਰੈ ਪਰਵਾਰੈ॥
ਜੋ ਤੁਮ ਕਰਹੁ ਸੋਈ ਭਲ ਹਮਰੈ ਪੇਖਿ ਨਾਨਕ ਸੁਖ ਚਰਨਾਰੈ॥ (੮੨੦)

ਧਰਤੀ ਤੇ ਪੈਦਾ ਹੋਏ ਹਰ ਮਨੁੱਖ ਦਾ ਜੀਵਨ ਮਕਸਦ ਵਾਹਿਗੁਰੂ ਦੀ ਪ੍ਰਾਪਤੀ ਹੈ, ਉਸੇ ਵਿੱਚ ਹੀ ਅਭੇਦ ਹੋਣਾ ਹੈ। ਪਾਤਸ਼ਾਹ ਦਾ ਸੁਆਲ ਹੈ ਕਿ ਉਹ ਕਿਹੜਾ ਮਹਾਨ ਗੁਣ ਹੈ ਜਿਸ ਨਾਲ ਅਕਾਲ ਪੁਰਖ ਨੂੰ ਪ੍ਰਾਪਤ ਕੀਤਾ ਜਾ ਸਕੇ? ਉਸਨੂੰ ਪਾ ਲੈਣ ਲਈ ਜਿਨ੍ਹਾਂ ਗੁਣਾਂ ਦੀ ਜ਼ਰੂਰਤ ਹੈ, ਉਹ ਸਦਕਰਮ, ਸੰਤੋਖ, ਸ਼ੁਭ ਵਿਚਾਰ ਜਾਂ ਨਿਮਰਤਾ ਤੇ ਸੇਵਾ ਆਦਿ ਹਨ, ਕਿ ਬੁੱਧੀ ਬਲ?

– ਕਵਨ ਗੁਨ ਪ੍ਰਾਨਪਤਿ ਮਿਲਉ ਮੇਰੀ ਮਾਈ॥ ਰਹਾਉ॥
ਰੂਪ ਹੀਨ ਬੁਧਿ ਬਲ ਹੀਨੀ ਮੋਹਿ ਪਰਦੇਸਨਿ ਦੂਰ ਤੇ ਆਈ॥ (੨੦੪)

ਹੋਰ ਹੋਰ ਉਪਾਵਾਂ ਤੇ ਵਿਧੀਆਂ ਕਾਰਨ ਪ੍ਰੇਸ਼ਾਨੀ ਤੇ ਭਟਕਣਾ ਹੀ ਹੋਵੇਗੀ ਜੋ ਜਨਮਾਂ-ਜਨਮਾਂ ਤੋਂ ਹੀ ਰਿਹਾ ਹੈ। ਨਾ ਸੁਹੱਪਣ ਕੰਮ ਆਇਆ ਤੇ ਨਾ ਹੀ ਬੁੱਧੀ ਬਲ, ਤੇ ਨਾ ਹੀ ਸਿਆਣਪ। ਜਦੋਂ ਮੇਲ ਸੰਭਵ ਹੋਇਆ ਤਾਂ ਨਿਮਰਤਾ ਕਾਰਨ ਵਾਹਿਗੁਰੂ ਸਾਡੇ ਦੀਨਾਂ ਗਰੀਬਾਂ ਉੱਤੇ ਕਿਰਪਾਲੂ ਹੋਇਆ। ਉਸ ਨੇ ਸਾਧ ਸੰਗਤ ਦਾ ਮੇਲ ਬਖਸ਼ਿਆ ਜਿਸ ਕਰਕੇ ਅੰਦਰਲੀ ਭਟਕਣਾ ਅਤੇ ਭੜਕਦੀ ਅੱਗ ਸ਼ਾਂਤ ਹੋ ਗਈ। ਪ੍ਰਾਣਪਤਿ ਪ੍ਰਭੂ ਦੀ ਪ੍ਰਾਪਤੀ ਬੁੱਧੀ ਦੇ ਬਲ ਨਾਲ ਨਹੀਂ ਸਗੋਂ ਪਿਤਾ ਵਾਹਿਗੁਰੂ ਦੀ ਕ੍ਰਿਪਾਲਤਾ ਤੇ ਦਿਆਲਤਾ ਨਾਲ ਹੋਈ।

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜਿਸ ਭਾਂਡੇ ਵਿੱਚ ਅੰਮ੍ਰਿਤ ਧਰਨਾ ਹੈ, ਉਸਦੀ ਘਾੜਤ ਘੜਨ ਦੀ ਵਿਧੀ ਦੱਸਦਿਆਂ ਫੁਰਮਾਉਂਦੇ ਹਨ ਕਿ ਪਹਿਲਾਂ ਸੁਰਤੀ ਘੜੀ ਜਾਣੀ ਚਾਹੀਦੀ ਹੈ ਤੇ ਫਿਰ ਮਤਿ। ਉਸ ਤੋਂ ਬਾਅਦ ਮਨ ਬੁੱਧੀ ਅਖੀਰ ਵਿੱਚ ਚੌਥੀ ਥਾਵੇਂ ਹੈ:

– ਤਿਥੈ ਘੜੀਐ ਸੁਰਤਿ ਮਤਿ ਮਨਿ ਬੁਧਿ॥ (੮)

ਹੁਣ ਭਾਉ ਦਾ ਭਾਂਡਾ ਘੜਿਆ ਜਾਵੇਗਾ, ਜੋ ਅੰਮ੍ਰਿਤ ਜੇਹੀ ਪਵਿੱਤ੍ਰ ਵਸਤੂ ਨੂੰ ਸੰਭਾਲਣ ਯੋਗ ਹੋ ਜਾਵੇਗਾ। ਪਾਤਿਸ਼ਾਹ ਦੀ ਇਸ ਵਿਉਂਤ ਵਿੱਚ ਪਹਿਲੇ ਦੂਜੇ ਤੇ ਤੀਜੇ ਸਥਾਨ ਤੇ ਸੁਰਤਿ, ਮਤ ਤੇ ਮਨ ਹਨ। ਬੁੱਧ ਨੂੰ ਚੌਥਾ ਸਥਾਨ ਪ੍ਰਾਪਤ ਹੋਇਆ ਹੈ। ਮੂਲ ਅਵੱਸ਼ਕਤਾ ਸੁਰਤ ਨੂੰ ਬਲਵਾਨ ਕਰਨ ਦੀ ਹੈ। ਬੁੱਧ ਵਿਚਾਰੀ ਆਪੇ ਹੀ ਮਗਰ ਤੁਰੀ ਆਵੇਗੀ।

ਬਿਬੇਕ

ਬਿਬੇਕ ਵਿਗਾਸ ਵਿੱਚ ਵਿਚਰਦੀ ਆਤਮਾ ਦਾ ਇੱਕ ਗੁਣ ਹੈ। ਬੁੱਧੀ ਕਈ ਰਸਤੇ, ਕਈ ਸੁਝਾਅ ਤੇ ਤਰਕੀਬਾਂ ਦੱਸਦੀ ਹੈ। ਆਮ ਕਰਕੇ ਬੁਧੀ ਦਾ ਕੰਮ ਚਤੁਰਾਈ ਹੈ। ਦੂਜਿਆਂ ਨੂੰ ਤਰ੍ਹਾਂ-ਤਰ੍ਹਾਂ ਦੀਆਂ ਵਿਧੀਆਂ ਦੱਸਦਿਆਂ ਕਈ ਵਾਰ ਆਪ ਵੀ ਚੱਕਰਵਿਊ ਵਿੱਚ ਫਸ ਜਾਂਦੀ ਹੈ। ਇਨ੍ਹਾਂ ਸਾਰੀਆਂ ਗੁੰਝਲਾਂ ਵਿੱਚੋਂ ਸਹੀ, ਸੱਚੇ ਤੇ ਸੁਚੱਜੇ ਮਾਰਗ ਨੂੰ ਚੁਣਨਾ ਬਿਬੇਕ ਹੈ।

ਬਿੱਬ ਦਾ ਅੱਖਰੀ ਅਰਥ ਦੋ ਹੈ। ਗੁਰਬਾਣੀ ਵਿੱਚ ਪਦ ਬੀਠਾ, ਬੀਜੀਕਾਰ, "ਅਵਰ ਨ ਜਾਣਾ ਦੂਜਾ ਤੀਆ" ਵਰਗੇ ਸ਼ਬਦ ਕਈ ਵਾਰ ਪ੍ਰਯੋਗ ਕੀਤੇ ਹਨ। ਗੁਜਰਾਤੀ ਭਾਸ਼ਾ ਦੀ ਗਿਣਤੀ ਵਿੱਚ "ਬੇ" ਦਾ ਅਰਥ ਦੋ ਅਤੇ ਸਿੰਧੀ ਭਾਸ਼ਾ ਵਿੱਚ ਦੋ ਦੀ ਥਾਂਵੇਂ "ਬਾਅ" ਵਰਤਿਆ ਜਾਂਦਾ ਹੈ, ਜਿਵੇਂ ਹਿਕੜੋ, ਬਾਅ, ਟਰੇਅ, ਭਾਵ ਇੱਕ ਦੋ ਤਿੰਨ। ਗੁਰਬਾਣੀ ਦਾ ਫੁਰਮਾਨ ਹੈ ਕਿ ਮਨੁੱਖ ਹੋਰਨਾਂ ਭੁਲਾਵਿਆਂ ਭੁਲੇਖਿਆਂ ਤੋਂ ਹਟ ਕੇ ਚਤੁਰਾਈਆਂ ਤਿਆਗ ਕੇ ਵਾਹਿਗੁਰੂ

ਵੱਲ ਜਾਂਦੇ ਇੱਕ ਤੇ ਕੇਵਲ ਇੱਕ ਰਸਤੇ ਤੇ ਤੁਰੇ। ਅਜਿਹਾ ਕਰਨ ਵਾਲਾ ਗੁਰਮੁਖਿ ਬਿਬੇਕੀ ਹੈ। ਇਸ ਸਬੰਧ ਵਿੱਚ ਅਗਲਾ ਫੁਰਮਾਨ ਸਾਡਾ ਮਾਰਗ ਦਰਸ਼ਨ ਕਰਦਾ ਹੈ:

– ਹਰਿ ਹਰਿ ਜਨ ਦੁਇ ਏਕ ਹੈ ਬਿਬ ਬਿਚਾਰ ਕਛੁ ਨਾਹਿ॥
ਜਲ ਤੇ ਉਪਜ ਤਰੰਗ ਜਿਉ ਜਲ ਹੀ ਬਿਖੈ ਸਮਾਹਿ॥ (ਬਚਿੱਤ੍ਰ ਨਾਟਕ)

ਹਰੀ ਅਤੇ ਹਰੀ-ਜਨ ਦੋਵੇਂ ਇੱਕ ਹਨ, ਇਸ ਵਿੱਚ ਕੋਈ ਦੋ ਰਾਵਾਂ ਨਹੀਂ। ਹੁਣ ਇਸ ਤਰ੍ਹਾਂ ਹੈ ਜਿਵੇਂ ਤਾਲ, ਸਰੋਵਰ ਜਾਂ ਸਾਗਰ ਵਿੱਚੋਂ ਉਪਜੀ ਹੋਈ ਲਹਿਰ ਜਿਵੇਂ ਸਾਗਰ ਵਿੱਚ ਹੀ ਸਮਾ ਜਾਂਦੀ ਹੈ, ਇੰਜ ਹੀ ਗੁਰਮੁਖ ਬਿਬੇਕੀ ਸੱਜਣ ਵਾਹਿਗੁਰੂ ਦੇ ਹੁਕਮ ਨਾਲ ਉਪਜਦੇ ਹਨ। ਅੰਤ ਗੁਰੂ ਦੇ ਦਿੱਤੇ ਬਿਬੇਕ ਨਾਲ ਉਸ ਨਾਲ ਜੁੜੇ-ਜੁੜੇ ਉਸ ਵਿੱਚ ਹੀ ਸਮਾ ਜਾਂਦੇ ਹਨ। ਇਹ ਬਿਬੇਕ ਬੁੱਧ ਗੁਰਸਿੱਖਾਂ ਨੇ ਗੁਰੂ ਪਾਤਸ਼ਾਹ ਤੋਂ ਪ੍ਰਾਪਤ ਕੀਤੀ ਹੈ।

– ਬਿਬੇਕ ਬੁਧਿ ਸਤਿਗੁਰ ਤੇ ਪਾਈ ਗੁਰ ਗਿਆਨੁ ਗੁਰੂ ਪ੍ਰਭ ਕੇਰਾ॥
ਜਨ ਨਾਨਕ ਨਾਮੁ ਗੁਰੂ ਤੇ ਪਾਇਆ ਧੁਰਿ ਮਸਤਕਿ ਭਾਗੁ ਲਿਖੇਰਾ॥ (੭੧੧)

ਇੱਕ ਨੂੰ ਪਛਾਨਣ ਦੀ ਜਾਚ ਲਈ ਲੋੜੀਂਦੀ ਬਿਬੇਕ ਬੁੱਧੀ ਗੁਰੂ ਪਾਤਿਸ਼ਾਹ ਪਾਸੋਂ ਪ੍ਰਾਪਤ ਹੁੰਦੀ ਹੈ ਅਤੇ ਅਜਿਹਾ ਬੜੇ ਉੱਚੇ ਭਾਗਾਂ ਨਾਲ ਹੁੰਦਾ ਹੈ। ਇਹ ਗੁਰੂ ਦਾ ਗਿਆਨ ਹੈ ਅਤੇ ਗੁਰੂ ਪਾਸ ਹੀ ਹੈ। ਇਸ ਲਈ ਇਧਰ ਉਧਰ ਭਰਮਣ ਤੇ ਭਟਕਣ ਦੀ ਲੋੜ ਨਹੀਂ। **"ਇਕਾ ਬਾਣੀ ਇਕੁ ਗੁਰੁ ਇਕੋ ਸਬਦੁ ਵੀਚਾਰਿ"** ਹੁਕਮ ਹੈ **"ਅਵਰੁ ਨ ਜਾਣਾ ਬਾਣੀ", "ਗੁਰੂ ਬਿਨਾ ਮੈ ਨਾਹੀ ਹੋਰ"** ਅਤੇ **"ਏਕੁ ਸਬਦੁ ਮੇਰੈ ਪ੍ਰਾਨਿ ਬਸਤੁ ਹੈ"** ਇਸ ਨੂੰ ਪ੍ਰਾਪਤ ਕਰਨਾ ਹੈ। ਇੱਕ ਵਿਸ਼ਵਾਸ ਦੀ ਲੋੜ ਹੈ ਤੇ ਇਸ ਨੂੰ ਦ੍ਰਿੜ੍ਹ ਕਰਨਾ ਹੈ, ਇਸ ਲਈ ਇੱਕੋ ਹੀ ਰਾਹ ਹੈ ਦੂਜਾ ਹੋਰ ਕੋਈ ਨਹੀਂ। ਗੁਰੂ ਰਾਮਦਾਸ ਜੀ ਨੇ ਸ੍ਰੀ ਦਰਬਾਰ ਸਾਹਿਬ ਜੀ ਦੇ ਦਰਵਾਜੇ ਤਾਂ ਚਾਰ ਰੱਖੇ ਹਨ ਪਰ ਹਰਿਮੰਦਰ ਸਾਹਿਬ ਨੂੰ ਪਹੁੰਚਣ ਲਈ ਕੇਵਲ ਇੱਕੋ ਹੀ ਪੁਲ ਹੈ। ਐਨ ਇਸੇ ਤਰ੍ਹਾਂ ਹਰੀ ਦੀ ਪ੍ਰਾਪਤੀ ਕਿਸੇ ਤਰ੍ਹਾਂ ਵੀ ਹੋ ਸਕਦੀ ਹੈ ਪ੍ਰੰਤੂ ਹਰੀ ਤਕ ਪਹੁੰਚਣ ਲਈ ਇੱਕੋ ਹੀ ਦ੍ਰਿੜ੍ਹ ਵਿਸ਼ਵਾਸ ਅਤੇ ਆਸਥਾ ਦੀ ਜ਼ਰੂਰਤ ਹੈ।

ਬਿਬੇਕ ਦੀ ਗੱਲ ਨੂੰ ਗੁਰਬਾਣੀ ਨੇ ਬੜੇ ਨਿਰਣਾਤਮਕ ਢੰਗ ਨਾਲ ਸਮਝਾਇਆ ਹੈ। ਹੁਕਮ ਹੈ ਕਿ ਸਾਡਾ ਕਰਤਾ ਵਾਹਿਗੁਰੂ ਵੱਡਾ ਬਿਬੇਕੀ ਹੈ ਤੇ ਉਹੀ ਸੰਤ ਕਹਾਉਂਦਾ ਹੈ। ਜਿਨ੍ਹਾਂ ਨੇ ਇਹ ਗੱਲ ਸਮਝ ਲਈ ਹੈ ਅਤੇ ਦ੍ਰਿੜ੍ਹਤਾ ਨਾਲ ਮਨ ਵਿੱਚ ਵਸਾ ਲਈ ਹੈ, ਉਨ੍ਹਾਂ ਨੂੰ ਭਿੰਨ-ਭਿੰਨ ਵਿਧੀਆਂ, ਭਰਮਾਂ, ਟੋਟਕਿਆਂ ਅਤੇ ਭੇਖੀਆਂ ਕੋਲ ਜਾਣ ਦੀ ਲੋੜ ਨਹੀਂ।

– ਹਮਰੋ ਭਰਤਾ ਬਡੋ ਬਿਬੇਕੀ ਆਪੇ ਸੰਤੁ ਕਹਾਵੈ॥
ਓਹੁ ਹਮਾਰੈ ਮਾਥੈ ਕਾਇਮੁ ਅਉਰੁ ਹਮਰੈ ਨਿਕਟਿ ਨ ਆਵੈ॥ (੪੭੬)